# Interactive session of Resident Commissioners and Nodal Officers of North-East States with DrRajkumarRanjan Singh, Minister of State for External Affairs

September 10, 2021

……………………………………………………………………………………………………|

## ਵਿਦੇਸ਼ ਰਾਜ ਮੰਤਰੀ ਡਾ।ਰਾਜਕੁਮਾਰ ਰੰਜਨ ਸਿੰਘ ਨਾਲ ਉੱਤਰ-ਪੂਰਬੀ ਰਾਜਾਂ ਦੇ ਰੈਜ਼ੀਡੈਂਟ ਕਮਿਸ਼ਨਰਾਂ ਅਤੇ ਨੋਡਲ ਅਫਸਰਾਂ ਦਾ ਇੰਟਰਐਕਟਿਵ ਸਤਰ

10 ਸਤੰਬਰ, 2021

ਉੱਤਰ ਪੂਰਬੀ ਖੇਤਰ ਦੇ ਰੈਜ਼ੀਡੈਂਟ ਕਮਿਸ਼ਨਰਾਂ ਦੀ ਮਾਨਯੋਗ ਰਾਜ ਮੰਤਰੀ ਡਾ. ਰਾਜਕੁਮਾਰ ਰੰਜਨ ਸਿੰਘ ਨਾਲ ਗੱਲਬਾਤ ਅੱਜ 10 ਸਤੰਬਰ ਨੂੰ ਵਿਦੇਸ਼ ਮੰਤਰਾਲੇ ਦੇ ਰਾਜ ਵਿਭਾਗ ਦੁਆਰਾ ਜਵਾਹਰ ਲਾਲ ਨਹਿਰੂ ਭਵਨ ਵਿੱਖੇ ਆਯੋਜਿਤ ਕਰਾਈ ਗਈ। ਆਪਣੀ ਕਿਸਮ ਦੀ ਇਹ ਪਹਿਲੀ ਬੈਠਕ ਉੱਤਰ ਪੂਰਬੀ ਰਾਜਾਂ ਤੋਂ ਇਹ ਸਮਝਣ ਲਈ ਕਰਾਈ ਗਈ ਸੀ ਕਿ ਵਿਦੇਸ਼ ਮੰਤਰਾਲਾ ਕਿੰਝ ਉਨ੍ਹਾਂ ਦੀ ਅੰਤਰਰਾਸ਼ਟਰੀ ਸ਼ਮੂਲੀਅਤ ਨੂੰ ਸੁਖਾਲਾ ਬਣਾ ਸਕਦਾ ਹੈ। ਇਹ ਵਿਸ਼ੇਸ਼ ਤੌਰ 'ਤੇ 6, ਅਗਸਤ 2021 ਨੂੰ ਦੇਸ਼ ਨੂੰ ਦਿੱਤੇ ਆਪਣੇ ਸੰਬੋਧਨ ਦੌਰਾਨ ਮਾਨਯੋਗ ਪ੍ਰਧਾਨ ਮੰਤਰੀ ਦੇ ਦ੍ਰਿਸ਼ਟੀਕੋਣ ਨੂੰ ਸਾਕਾਰ ਕਰਨ ਦੇ ਸੰਦਰਭ ਵਿੱਚ ਮਹੱਤਵਪੂਰਨ ਹੈ। ਇਸ ਬੈਠਕ ਵਿੱਚ 8 ਉੱਤਰ ਪੂਰਬੀ ਰਾਜਾਂ ਅਰੁਣਾਚਲ ਪ੍ਰਦੇਸ਼, ਮਨੀਪੁਰ, ਮੇਘਾਲਿਆ, ਮਿਜ਼ੋਰਮ, ਤ੍ਰਿਪੁਰਾ, ਨਾਗਾਲੈਂਡ ਅਤੇ ਸਿੱਕਿਮ ਦੇ ਰੈਜ਼ੀਡੈਂਟ ਕਮਿਸ਼ਨਰਾਂ ਅਤੇ ਨੋਡਲ ਅਫ਼ਸਰਾਂ ਨੇ ਹਿੱਸਾ ਲਿਆ।

ਆਪਣੀ ਸਵਾਗਤੀ ਟਿੱਪਣੀਆਂ ਵਿੱਚ OSD (ਰਾਜ) ਸ਼੍ਰੀ ਸੀ. ਰਾਜਸ਼ੇਖਰ ਨੇ ਵਿਦੇਸ਼ ਮੰਤਰਾਲੇ ਦਾ ਧਿਆਨ ਉੱਤਰ ਪੂਰਬੀ ਖੇਤਰ 'ਤੇ ਹੋਣ ਦੀ ਗੱਲ ਦੁਹਰਾਈ ਕਿਉਂਕਿ ਇਹ ਦੇਸ਼ ਦੀ ਸੁਰੱਖਿਆ ਅਤੇ ਖੁਸ਼ਹਾਲੀ ਦੀ ਕੁੰਜੀ ਹਨ। ਉਨ੍ਹਾਂ ਨੇ ਪ੍ਰਧਾਨ ਮੰਤਰੀ ਵੱਲੋਂ ਸੂਬਿਆਂ ਨੂੰ ਆਪੋ ਆਪਣੇ ਰਾਜਾਂ ਵੱਲੋਂ ਨਿਰਯਾਤ ਵਧਾਉਣ ਲਈ ਕਾਰਜ ਯੋਜਨਾ ਤਿਆਰ ਕਰਨ ਲਈ ਦਿੱਤੇ ਗਏ ਹੁਲਾਰੇ ਦਾ ਚੇਤਾ ਕਰਾਇਆ।

ਰਾਜ ਮੰਤਰੀ ਮਾਨਯੋਗ ਰਾਜਕੁਮਾਰ ਰੰਜਨ ਸਿੰਘ ਨੇ ਆਪਣੇ ਵਿਸ਼ੇਸ਼ ਭਾਸ਼ਣ ਵਿੱਚ ਉੱਤਰ ਪੂਰਬੀ ਖੇਤਰ ਦੇ ਰਾਜਾਂ ਨੂੰ ਬੇਨਤੀ ਕੀਤੀ ਕਿ ਉਹ ਨਿਰਯਾਤ ਨੂੰ ਉਤਸ਼ਾਹਤ ਕਰਨ ਲਈ ਭਾਰਤ ਦੀ ਆਲਮੀ ਸਾਖ ਦਾ ਫਾਇਦਾ ਚੁੱਕਣ ਅਤੇ ਇਸ ਖੇਤਰ ਵਿੱਚ ਵਿਦੇਸ਼ੀ ਨਿਵੇਸ਼ ਲਿਆਉਣ ਤਾਂ ਜੋ ਸਾਲਾਨਾ 400 ਅਰਬ ਡਾਲਰ ਦੇ ਨਿਰਯਾਤ ਦੇ ਟੀਚੇ ਨੂੰ ਹਾਸਲ ਕੀਤਾ ਜਾ ਸਕੇ।

ਸਕੱਤਰ (ER) ਸ਼੍ਰੀ ਦੰਮੂ ਰਵੀ ਨੇ ਲਾਹੇਵੰਦ ਗੱਲਬਾਤ ਦਾ ਸਾਰ ਦਿੱਤਾ ਅਤੇ ਬੈਠਕ ਵਿੱਚ ਅਗਲੇ ਕਦਮਾਂ ਬਾਰੇ ਚਾਨਣਾ ਪਾਇਆ। ਇਨ੍ਹਾਂ ਵਿੱਚ ਸਾਲ ਦੇ ਅਖੀਰ ਵਿੱਚ ਇੰਫਾਲ, ਮਨੀਪੁਰ ਵਿੱਚ ਪਹਿਲੀ ਵਾਰ ਲਾਂਚ ਕੀਤੇ ਜਾਣ ਵਾਲਾ ਉੱਤਰ -ਪੂਰਬੀ ਗੋਲ ਮੇਜ਼ ਸੰਮੇਲਨ ਸ਼ਾਮਲ ਹੈ। ਭਾਰਤ ਸਰਕਾਰ ਅਤੇ ਵਿਦੇਸ਼ ਮੰਤਰਾਲੇ ਦੇ ਸੀਨੀਅਰ

ਅਧਿਕਾਰੀਆਂ ਨੇ ਵੀ ਆਪਣੇ ਆਪਣੇ ਸੂਝਵਾਨ ਯੋਗਦਾਨ ਨਾਲ ਸਤਰ ਨੂੰ ਹੋਰ ਲਾਹੇਵੰਦ ਬਣਾਇਆ। ਸਟੇਟਸ ਡਿਵੀਜ਼ਨ ਵਿਸ਼ੇਸ਼ ਤੌਰ 'ਤੇ ਮਾਨਯੋਗ ਪ੍ਰਧਾਨ ਮੰਤਰੀ ਦੇ ਕਹਿਣ 'ਤੇ ਬਣਾਇਆ ਗਿਆ ਹੈ ਤਾਂ ਜੋ ਸਾਰੇ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਆਲਮੀ ਪਹੁੰਚ ਦੇ ਯਤਨਾਂ ਨੂੰ ਸੁਖਾਲਾ ਕੀਤਾ ਜਾ ਸਕੇ।

ਨਵੀਂ ਦਿੱਲੀ
10 ਸਤੰਬਰ, 2021

**DISCLAIMER: This is an approximate translation. The original is available in English on MEA’s website and may be referred to as the official press release.**